## OFFICE THE

# MUNICIPAL COUNCIL HOSHIARPUR

## ਦਫ਼ਤਰ ਨਗਰ ਕੌਂਸਲ, ਹੁਸ਼ਿਆਰਪੁਰ।

Off : 01882-220322, 220974

Email : eomchsp@gmail.com, Website : mchoshiarpur.org


# ਅਪੀਲ

## ਆਮ ਨਗਰ ਨਿਵਾਸੀਆਂ ਨੂੰ ਹੇਠ ਲਿਖੇ ਅਨੁਸਾਰ ਅਪੀਲ ਕੀਤੀ ਜਾਂਦੀ ਹੈ ਕਿ

ਵੇਖਣ ਵਿਚ ਆਇਆ ਕਿ ਵਸਨੀਕਾਂ ਵਲੋਂ ਸੜਕ ਤੇ ਕਾਰਾਂ, ਸਕੂਟਰ ਆਦਿ ਧੋਤੇ ਜਾਂਦੇ ਹਨ, ਇਸ ਨਾਲ ਪਾਣੀ ਅਤੇ ਬਿਜਲੀ ਦੀ ਫਜ਼ੂਲ ਖਰਚੀ ਹੁੰਦੀ ਹੈ ਅਤੇ ਸੜਕ ਨੂੰ ਨੁਕਸਾਨ ਹੁੰਦਾ ਹੈ। ਇਸ ਨੂੰ ਰੋਕਣ ਦੀ ਲੋੜ ਹੈ।

ਪਲਾਸਟਿਕ ਦੇ ਲਿਫਾਫਿਆ ਦੀ ਵਰਤੋ ਨਾ ਕਰੋ ਕਿਉਂਕਿ ਇਹ ਲਿਫਾਫੇ ਸ਼ਹਿਰ ਵਿਚ ਸੀਵਰੇਜ ਦੇ ਸਿਸਟਮ ਵਿਚ ਰੁਕਾਵਟ ਬਣਦੇ ਹਨ ਅਤੇ ਪ੍ਰਦੂਸ਼ਣ ਫਲਾਉਂਦੇ ਹਨ। ਸ਼ਹਿਰ ਵਿਚ ਨਾਲੀਆਂ-ਨਾਲੇ ਦੇ ਪਾਣੀ ਨੂੰ ਇਹ ਲਿਫਾਫੇ ਰੋਕਦੇ ਹਨ ਜਿਸ ਨਾਲ ਨਾਲੀਆਂ ਦਾ ਗੰਦਾ ਪਾਣੀ ਸ਼ਹਿਰ ਦੀਆ ਸੜਕਾ ਅਤੇ ਗਲੀਆ ਵਿੱਚ ਆਉਂਦਾ ਹੈ ਜਿਸ ਕਾਰਨ ਮੱਖੀ, ਮੱਛਰ ਅਦਿ ਪੈਦਾ ਹੁੰਦੇ ਹਨ ਅਤੇ ਬਿਮਾਰੀਆ ਦਾ ਕਾਰਨ ਬਣਦੇ ਹਨ।

ਆਪਣੇ ਪਾਲਤੂ ਪਸ਼ੂਆਂ ਨੂੰ ਆਵਾਰਾ ਨਾ ਛੱਡੋ, ਜੋ ਸ਼ਹਿਰ ਨੂੰ ਗੰਦਾ ਕਰਨ ਦਾ ਕਾਰਨ ਬਣਦੇ ਹਨ। ਆਵਾਜਾਈ ਵਿਚ ਰੁਕਾਵਟ ਪਾਉਂਦੇ ਹਨ ਅਤੇ ਹਦਸਿਆਂ ਦਾ ਕਾਰਨ ਬਣਦੇ ਹਨ।

ਘਰਾ ਦੇ ਆਲੇ-ਦੁਆਲੇ ਗੰਦਾ ਪਾਣੀ ਨਾ ਇਕੱਠਾ ਨਾ ਹੋਣ ਦਿਉ ਤਾਂ ਜੋ ਮਲੇਰੀਆ, ਡੈਂਗੂ, ਚਿਕਨ ਗੁਨੀਆ, ਅਜਿਹੀਆਂ ਮਾਰੂ ਬਿਮਾਰੀਆਂ ਨਾ ਹੋਣ।

ਸ਼ਹਿਰ ਦੇ ਜਿਸ ਵਾਰਡ ਵਿਚ ਫੋਗ ਸਪਰੇਅ ਹੋ ਰਹੀ ਹੁੰਦੀ ਹੈ, ਉਸ ਸਮੇਂ ਘਰਾਂ ਦੀਆਂ ਖਿੜਕੀਆਂ ਅਤੇ ਦਰਵਾਜਿਆਂ ਨੂੰ ਖੁਲੱਾ ਰੱਖੋ ਜੀ।

ਪਾਲਤੂ ਕੁੱਤਿਆ ਨੂੰ ਆਵਾਰਾ ਨਾ ਛੱਡਿਆ ਜਾਵੇ।

ਪਾਣੀ ਦਾ ਉਚਿਤ ਉਪਯੋਗ ਕਰੋ ਅਤੇ ਪਾਣੀ ਨੂੰ ਨਸ਼ਟ ਨਾ ਕਰੋ।

ਆਪਣੇ ਘਰਾਂ ਦੇ ਕੂੜੇ ਕਰਕਟ ਨੂੰ ਕੂੜੇਦਾਨ ਵਿਚ ਹੀ ਪਇਆ ਜਾਵੇ ਅਨਿਸ਼ਚਿਤ ਥਾਂ ਤੇ ਕੂੜੇ ਨੂੰ ਨਾ ਸੁਟਿਆ ਜਾਵੇ।

ਡੇਂਗੂ ਸਾਫ਼ ਸੁਥਰੇ ਪਾਣੀ ਵਿਚ ਪੈਦਾ ਹੁੰਦਾ ਹੈ ਘਰਾਂ ਵਿੱਚ ਟਾਇਰ, ਟੀਨ, ਟੱਪਰ ਅਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ ਅਤੇ ਕੂਲਰਾਂ ਦਾ ਪਾਣੀ ਹਫ਼ਤੇ ਵਿਚ ਇੱਕ ਵਾਰ ਜਰੂਰ ਬਦਲਿਆ ਜਾਵੇ।

ਡੇਅਰੀਆਂ ਦਾ ਗੋਹਾ, ਕੂੜਾ ਸੜਕਾਂ ਵਿਚ ਨਾ ਸੁੱਟਿਆ ਜਾਵੇ, ਅਤੇ ਨਾ ਹੀ ਸੀਵਰ-ਨਾਲਿਆਂ ਵਿਚ ਪਾਇਆ ਜਾਵੇ, ਅਜਿਹਾ ਕਰਨ ਵਾਲੇ ਦੇ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਲਈ ਨਗਰ ਕੌਂਸਲ ਨੂੰ ਸਹਿਯੋਗ ਦਿਉ।

ਪ੍ਰਧਾਨ
ਨਗਰ ਕੌਂਸਲ ਹੁਸਿਆਰਪੁਰ।

ਕਾਰਜ ਸਾਧਕ ਅਫ਼ਸਰ
ਨਗਰ ਕੌਂਸਲ ਹੁਸਿਆਰਪੁਰ।

Sant Rama Nand Printing Press, Hsp. 98159-11648